## PSCSCC MAIN EXAMINATION, 2015

### ਪੰਜਾਬੀ (ਲਾਜ਼ਮੀ)

ਸਮਾਂ: 3 ਘੰਟੇ | ਕੁੱਲ ਅੰਕ: 100

### ਹਦਾਇਤਾਂ

ਪੇਪਰ ਨੂੰ ਹੱਲ ਕਰਨ ਤੋਂ ਪਹਿਲਾਂ ਨਿਮਨ-ਲਿਖਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ:

(ੳ) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।
(ਅ) ਹਰੇਕ ਪ੍ਰਸ਼ਨ ਦੇ ਅੰਕ ਉਸ ਦੇ ਅੰਤ ਵਿੱਚ ਦਰਸਾਏ ਗਏ ਹਨ।
(ੲ) ਪ੍ਰਸ਼ਨ ਪੱਤਰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਭਾਗ ੳ ਅਤੇ ਭਾਗ ਅ

ਜ਼ਰੂਰੀ ਨੋਟ: ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਇਸ ਦੇ ਸਾਰੇ ਭਾਗ ਅਤੇ ਉਪ-ਭਾਗ ਇਕੱਠੇ ਹੱਲ ਕੀਤੇ ਜਾਣ। ਇਸ ਦਾ ਭਾਵ ਇਹ ਹੈ ਕਿ ਅਗਲੇ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਪ੍ਰੀਖਿਆਰਥੀ ਵੱਲੋਂ ਪਹਿਲੇ ਪ੍ਰਸ਼ਨ ਦੇ ਭਾਗ ਅਤੇ ਉਪ-ਭਾਗ ਲਾਜ਼ਮੀ ਤੌਰ ਤੇ ਸਮਾਪਤ ਕਰ ਲਏ ਜਾਣ।ਪ੍ਰਸ਼ਨ ਕਾਪੀ ਵਿੱਚ ਖ਼ਾਲੀ ਛੱਡੇ ਹੋਏ ਪੰਨਿਆਂ ਉਤੇ ਕਾਟਾ ਮਾਰਿਆ ਜਾਵੇ। ਖ਼ਾਲੀ ਛੱਡੇ ਹੋਏ ਪੰਨਿਆਂ ਤੋਂ ਬਾਅਦ ਵਾਲੇ ਉੱਤਰਾਂ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ।

******

### ਭਾਗ-ੳ

ਪ੍ਰਸ਼ਨ 1 ਨਿਮਨ-ਲਿਖਤ ਪੈਰੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

ਕਵੀ ਚਿੱਤ ਸਦਾ ਆਪ-ਮੁਹਾਰੀ ਨਿੰਮਲਤਾ ਵਿਚ ਹੁੰਦਾ ਹੈ, 'ਭੋਲੇ ਭਾਵ ਮਿਲੇ ਰਘੁਰਾਇਆ'। ਉਸ ਦੇ ਜੀਵਨ ਦੀ ਜਿਹੜੀ ਲੋੜ ਇਹ ਹੈ ਤੇ ਇਹ ਸੂਝ ਉਹਨੂੰ ਰੱਬ ਨੇ ਆਪ-ਮੁਹਾਰੀ ਦਿੱਤੀ ਹੁੰਦੀ ਹੈ। ਸਰਲਤਾ ਦੇ ਅੰਦਰ ਗੂੜ੍ਹੇ ਰੰਗ ਦੀ, ਸਚਾਈ ਜਿਸ ਨੂੰ ਕਹਿੰਦੇ ਹਨ, ਉਹ ਅਭੋਲ ਜਿਹੀ ਅਵਸਥਾ ਵਿਚ ਉਹਦੀ ਤਬੀਅਤ ਦਾ ਰੰਗ ਹੁੰਦਾ ਹੈ, ਸਾਰਾ ਜਗਤ ਉਹਦੇ ਦਿਲ ਸ਼ੀਸ਼ੇ ਤੇ ਪੈ-ਪੈ ਬਾਹਰਲੇ ਦੀ ਅਨਾਤਮਤਾ ਤਿਆਗ ਕੇ ਅੰਤਰੀਵ ਦੀ ਆਤਮਤਾ ਬਣਦਾ ਹੈ, ਕਿਸੇ ਅਪਦਾਰਥ ਦੀ ਬਾਹਰੋਂ ਉੱਠ ਕੇ ਸਾਡੇ ਅੰਦਰ ਵੜਨ ਤੇ ਵੜ ਕੇ ਪਦਾਰਥ ਹੋ ਸਾਡੇ ਚਿੱਤ ਦੇ ਲੋੜੀਂਦੇ ਰਸ ਵਿਚ ਸਮਾ ਜਾਣ ਦਾ ਨਾਂ ਰਸ ਹੈ। ਇਕ ਸਮਾਂ ਕਵੀ ਤੇ ਛਾਂਦਾ ਹੈ ਜਦ ਕੁਲ ਚੀਜ਼ਾਂ ਰੱਬ-ਰੂਪ ਵਿਚ ਲੀਨ ਹੋ ਰੱਬ ਵਿਚ ਸਮਾ, ਰੱਬ ਰੂਪ ਹੋ ਜਾਂਦੀਆਂ ਹਨ। ਉਹ ਘੜੀ ਜਿਹੜੀ ਕਵੀ ਨੈਣ, ਫ਼ਕੀਰ-ਨੈਣਾਂ ਸਦਕੇ, ਬਖ਼ਸ਼ੇ ਹੋਏ ਬੰਦਿਆਂ ਦੇ ਸਦਕੇ ਹਰ ਚੀਜ਼ ਉੱਤੇ ਜੋਬਨ ਵਾਂਗ ਆਉਂਦੀ ਹੈ, ਉਹ ਕੁਛ ਬੀਤਣ-ਅਬੀਤਣ, ਹੋਣ-ਅਣਹੋਣ ਜਿਹੇ ਦਾ ਵੇਲਾ ਰੰਗ ਰਸ ਦਾ ਹੈ, ਉਹੋ ਰਸ ਹੈ। ਇਹ ਭੇਤ ਕੇਵਲ ਸੱਚਾ ਰਸਿਕ ਕਿਰਤ ਵਾਲਾ ਪਾਰਖੀ ਚਿੱਤ ਜਾਣ ਸਕਦਾ ਹੈ।

ੳ) ਰਸ ਤੋਂ ਕੀ ਭਾਵ ਹੈ ?
ਅ) ਕਵੀ ਦੀ ਸੰਵੇਦਨਾ ਬਾਰੇ ਦੱਸੋ।
ੲ) ਪੈਰ੍ਹੇ ਵਿਚ ਅਲੌਕਿਕ ਰਸ ਉੱਤੇ ਕਿਵੇਂ ਬਲ ਦਿੱਤਾ ਹੈ?
ਸ) ਅੰਦਰ ਤੇ ਬਾਹਰ ਦਾ ਕੀ ਅੰਤਰ ਹੈ?
ਹ) ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ। (ਅੰਕ-10)

ਪ੍ਰਸ਼ਨ 2 ਹੇਠ ਲਿਖੇ ਪੈਰੇ ਦੀ ਇਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰਕੇ ਢੁਕਵਾਂ ਸਿਰਲੇਖ ਵੀ ਲਿਖੋ:

ਸਵੈ-ਜੀਵਨੀ ਜਾਂ ਆਤਮ-ਕਥਾ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ ਦਾ ਬਿਰਤਾਂਤ ਹੁੰਦਾ ਹੈ। ਉਹ ਆਪਣੇ ਬੀਤ ਚੁੱਕੇ ਜੀਵਨ ਦੀ ਪੁਨਰ-ਉਸਾਰੀ ਕਰਕੇ, ਆਪਣੇ ਅਨੁਭਵਾਂ ਅਤੇ ਘਾਲਣਾਵਾਂ ਤੋਂ ਪਾਠਕਾਂ ਨੂੰ ਪਰਿਚਿਤ ਕਰਾਉਂਦਾ ਹੈ। ਉਹ ਕਿਹੜੀਆਂ ਮੁਸ਼ਕਲਾਂ, ਸਥਿਤੀਆਂ-ਪਰਿਸਥਿਤੀਆਂ ਵਿਚੋਂ ਲੰਘਿਆ? ਕਿਨ੍ਹਾਂ ਮਸਲਿਆਂ ਅਤੇ ਚੁਣੌਤੀਆਂ ਨੂੰ ਨਜਿੱਠਿਆ? ਕਿਵੇਂ ਉਸ ਦਾ ਅਨੁਭਵ ਤੇ ਆਦਰਸ਼ ਉਸ ਦਾ ਰਸਤਾ ਸਾਫ਼ ਕਰਦੇ ਰਹੇ ਅਤੇ ਉਸ ਦਾ ਕੀ ਰੋਲ ਰਿਹਾ? ਦਰਅਸਲ ਸਵੈ-ਜੀਵਨੀ ਦੀ ਰਚਨਾ ਵੇਲੇ ਲੇਖਕ ਦੀ ਸਿਮਰਤੀ ਹੀ ਉਸ ਦੇ ਪ੍ਰਮੁੱਖ ਸਾਧਨ ਵਜੋਂ ਕੰਮ ਕਰਦੀ ਹੈ। ਸਾਮਗ੍ਰੀ ਇਕੱਠੀ ਕਰਨ ਲਈ ਉਹ ਆਪਣੇ ਜੀਵਨ ਦੇ ਵੇਰਵੇ ਹੀ ਯਾਦ-ਸ਼ਕਤੀ ਵਿਚੋਂ ਉਜਾਗਰ ਕਰਦਾ ਹੈ ਜਾਂ ਸਮੇਂ-ਸਮੇਂ ਲਿਖੇ ਹੋਏ ਨੋਟਾਂ ਨੂੰ ਆਧਾਰ ਬਣਾਉਂਦਾ ਹੈ। ਪਰੰਤੂ ਸਵੈ-ਜੀਵਨੀ ਦੀ ਰਚਨਾ ਦੇ ਰਸਤੇ ਵਿਚ ਕਈ ਰੁਕਾਵਟਾਂ ਵੀ ਆਉਂਦੀਆਂ ਹਨ। ਬਹੁਤੀ ਵਾਰੀ ਆਪਣੇ ਬਾਰੇ ਲਿਖਣ ਵੇਲੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਲੇਖਕ ਕਿਸੇ ਮਨ-ਭਾਉਂਦੇ ਪੱਖ ਬਾਰੇ ਜ਼ਿਆਦਾ ਵਰਣਨ ਕਰੇ ਤਾਂ ਵਡਿਆਈ ਜਾਂ ਸਵੈ-ਪ੍ਰਸ਼ੰਸਾ ਦਾ ਦੋਸ਼ ਲਗ ਜਾਂਦਾ ਹੈ। ਜੇ ਆਪਣੇ ਦੋਸ਼ਾਂ ਨੂੰ ਛੁਪਾਉਣ ਦੀ ਚੇਸ਼ਟਾ ਕਰੇ ਤਾਂ ਜੀਵਨ ਦਾ ਪੂਰਨ ਸੱਚ ਨਹੀਂ ਉਘੜਦਾ। ਸੋ, ਸਵੈ-ਜੀਵਨੀ ਦੇ ਲੇਖਕ ਲਈ ਨਿਰਪੱਖ ਹੋ ਕੇ ਲਿਖਣਾ ਬੜਾ ਮੁਸ਼ਕਲ ਬਣ ਜਾਂਦਾ ਹੈ। (ਅੰਕ-10)

ਪ੍ਰਸ਼ਨ 3 ਹੇਠ ਲਿਖਿਆਂ ਵਿਚੋਂ ਕੋਈ ਇੱਕ ਪੱਤਰ ਲਿਖੋ:- (200 ਸ਼ਬਦਾਂ ਵਿਚ)

ੳ) ਹੋਸਟਲ ਵਿੱਚ ਰਹਿੰਦੀ ਨਿੱਕੀ ਭੈਣ ਨੂੰ ਪੱਤਰ ਲਿਖ ਕੇ ਪ੍ਰੇਰੋ ਕਿ ਉਹ ਕਾਲਜ ਵਿੱਚ ਦਿੱਤੀ ਜਾ ਰਹੀ ਜੂਡੋ-ਕਰਾਟੇ (martial art) ਦੀ ਟਰੇਨਿੰਗ ਵਿੱਚ ਜ਼ਰੂਰ ਦਾਖਲਾ ਲਵੇ।

ਅ) ਤੁਹਾਡਾ ਖਰੀਦਿਆ ਰੰਗੀਨ ਟੈਲੀਵੀਜ਼ਨ ਸੈਟ ਗਰੰਟੀ ਦੇ ਸਮੇਂ ਅੰਦਰ ਹੀ ਖਰਾਬ ਹੋ ਗਿਆ ਹੈ, ਏਜੰਸੀ ਨੂੰ ਟੈਲੀਵੀਜ਼ਨ ਬਦਲਣ ਲਈ ਪੱਤਰ ਲਿਖੋ। (ਅੰਕ-10)

ਪ੍ਰਸ਼ਨ 4 ਹੇਠਾਂ ਦਰਜ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ ਤੇ (ਲਗਭਗ 400 ਸ਼ਬਦਾਂ ਦਾ) ਲੇਖ ਲਿਖੋ:

ੳ) ਰਸਾਇਣਕ ਖਾਦਾਂ: ਵਰਤੋਂ ਤੇ ਨੁਕਸਾਨ
ਅ) ਜਾਤ ਕਾ ਗਰਬ ਨਾ ਕਰੀਐ ਕੋਇ
ੲ) ਨਾਰੀ ਸਸ਼ਕਤੀਕਰਨ
ਸ) ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ (ਅੰਕ-10)

ਪ੍ਰਸ਼ਨ 5 ਨਿਮਨ-ਲਿਖਿਤ ਦਾ ਪੰਜਾਬੀ ਵਿੱਚ ਅਨੁਵਾਦ ਕਰੋ:-

ੳ) In a vast country like India inhabited by people following a variety of religions, speaking various languages and observing different cultures, customs and traditions, communal harmony is absolutely necessary for national integration, peace and prosperity. Besides,

the issue of communal harmony is quite relevant and significant under the present circumstances in which communal frenzy and religious intolerance have been posing a serious threat and danger to our national unity. Before independence, we use to curse the British for communal divide and violence. But foreign rulers are no more here to sow the seeds of communal disruption, division and hatred. (ਅੰਕ 5)

ਅ) ਨਿਮਨ-ਲਿਖਿਤ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ:-

i) ਜਦੋਂ ਅਸੀਂ ਟੈਲੀਫ਼ੋਨ ਦੀ ਵਰਤੋਂ ਕਰਦੇ ਹਾਂ ਤਾਂ ਅਸੀਂ ਆਵਾਜ਼ ਪੈਦਾ ਕਰਦੇ ਹਾਂ।
ii) ਸਾਡੇ ਦੇਸ ਵਿੱਚ ਹਰ ਅੱਠਵਾਂ ਬੱਚਾ ਕੈਂਸਰ ਨਾਲ ਮਰਦਾ ਹੈ।
iii) ਬਿਜਲੀ, ਪਾਣੀ ਦੀ ਵਰਤੋਂ ਠੀਕ ਢੰਗ ਨਾਲ ਕਰਨੀ ਚਾਹੀਦੀ ਹੈ।
iv) ਉਹ ਤੋਹਫ਼ਾ ਦਿਖਾਓ ਜਿਹੜਾ ਤੁਹਾਡੇ ਪਿਤਾ ਜੀ ਨੇ ਭੇਜਿਆ ਸੀ।
v) ਅੱਜ ਵਾਤਾਵਰਨੀ ਪ੍ਰਦੂਸ਼ਣ ਸਿਹਤ ਲਈ ਇੰਨਾ ਵੱਡਾ ਖ਼ਤਰਾ ਬਣ ਗਿਆ ਹੈ। (ਅੰਕ-5)

## ਭਾਗ-ਅ

ਪ੍ਰਸ਼ਨ 6 ੳ) ਨਿਮਨ-ਲਿਖਿਤ ਅਖਾਣਾਂ ਨੂੰ ਵਾਕਾਂ ਵਿੱਚ ਵਰਤੋ:

i) ਅੰਨ੍ਹੇ ਅਗੇ ਰੋਣਾ, ਅੱਖੀਆਂ ਦਾ ਖੋਣਾ
ii) ਕੁੱਖੋਂ ਦੀ ਧੀ ਰੱਜੀ ਤੇ ਖੇਹ ਉਡਾਉਣ ਲੱਗੀ
iii) ਮਨ ਹਰਾਮੀ ਹੁੱਜਤਾਂ ਢੇਰ
iv) ਉਖੱਲੀ ਵਿਚ ਸਿਰ ਦਿੱਤਾ ਮੋਹਿਲਆਂ ਦਾ ਕੀ ਡਰ (ਅੰਕ-5)
v) ਉਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ

ਅ) ਨਿਮਨ-ਲਿਖਿਤ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ:

i) ਹਵਾਈਆਂ ਉਡਣੀਆਂ।
ii) ਮੱਖੀ ਨਿਗਲਣੀ।
iii) ਮਨ ਦੀਆਂ ਮਨ ਵਿੱਚ ਰਹਿ ਜਾਣੀਆਂ।
iv) ਕੱਛਾਂ ਵਜਾਉਣੀਆਂ। (ਅੰਕ-5)
v) ਅੱਖਾਂ ਪੱਕ ਜਾਣੀਆਂ

ਪ੍ਰਸ਼ਨ 7 ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (ਅੰਕ-5)

i) ਭਰਪੂਰ ii) ਨਿਖੱਟੂ iii) ਉਸਾਰੂ iv) ਹਲਾਲ v) ਇਨਕਾਰ

ਪ੍ਰਸ਼ਨ 8 ਹੇਠ ਲਿਖੇ ਵਾਕਾਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਬਦਲੋ:

i) ਜੇ ਪੜ੍ਹਾਈ ਕਰੋਗੇ ਤਾਂ ਪਾਸ ਹੋਵੋਗੇ (ਨਾਂਹ ਵਾਚਕ ਬਣਾਓ)
ii) ਤੁਸੀ ਬੁਰੇ ਕੰਮ ਤੋਂ ਨਹੀਂ ਡਰਦੇ (ਪ੍ਰਸ਼ਨ ਵਾਚਕ ਬਣਾਓ)
iii) ਮਸਜਿਦ ਬਹੁਤ ਸੁੰਦਰ ਹੈ (ਸਾਧਾਰਨ ਤੋਂ ਵਿਸਮਿਕ ਵਾਕ ਬਣਾਓ)
iv) ਉਹ ਘਰ ਜਾਂਦਿਆਂ ਹੀ ਟੀ.ਵੀ. ਦੇਖਣ ਲੱਗਾ। (ਮਿਸ਼ਰਤ ਵਾਕ ਤੋਂ ਸੰਯੁਕਤ ਵਾਕ ਬਣਾਓ)
v) ਕੁੜੀ ਨੇ ਰੋਟੀ ਖਾ ਲਈ ਹੈ। (ਸਾਧਾਰਨ ਵਾਕ ਤੋਂ ਪ੍ਰਸ਼ਨ ਵਾਚਕ ਵਾਕ ਬਣਾਓ) (ਅੰਕ-5)

ਪ੍ਰਸ਼ਨ 9 ਵਾਚ ਬਦਲੋ (ਕਰਤਰੀ ਵਾਚ ਤੋਂ ਕਰਮਣੀ ਵਾਚ/ਕਰਮਣੀ ਤੋਂ ਕਰਤਰੀ ਵਾਚ):

i) ਵਿਦਿਆਰਥੀ ਕਿਤਾਬ ਪੜ੍ਹ ਰਿਹਾ ਹੈ।
ii) ਕੁੱਤੇ ਤੋਂ ਭੌਂਕਿਆ ਨਹੀਂ ਜਾਂਦਾ।
iii) ਗੀਤ ਕੁੜੀਆਂ ਦੁਆਰਾ ਗਾਇਆ ਜਾ ਰਿਹਾ ਹੈ।
iv) ਮੈਚ ਕਪਿਲ ਦੁਆਰਾ ਜਿੱਤਿਆ ਗਿਆ ਹੈ। (ਅੰਕ-5)
v) ਕਿਤਾਬ ਸ਼ਾਮ ਦੀ ਖਰੀਦੀ ਹੋਈ ਹੈ।

ਪ੍ਰਸ਼ਨ 10 ਵਿਸ਼ਰਾਮ ਚਿੰਨ ਲਗਾਓ.

ਹੈ ਤਾਂ ਠੀਕ ਬਿਜੇ ਸਿੰਘ ਨੇ ਹਾਂ ਵਿੱਚ ਹਾਂ ਮਿਲਾਂਦੇ ਆਖਿਆ ਸਿਆਣੇ ਸੱਚ ਹੀ ਆਖਦੇ ਨੇ ਨਰਕ ਸੁਰਗ ਤਾਂ ਏਸੇ ਧਰਤੀ ਤੇ ਐ ਦੂਰ ਕਿਉਂ ਜਾਈਏ ਮੈਂ ਨਰਕ ਨੀ ਭੋਗ ਰਿਹਾ ਤਾਂ ਹੋਰ ਕੀ ਐ ਉਸ ਨੇ ਆਪਣੇ ਦਮੇ ਗਰੀਬੀ ਤੇ ਅਨਪੜ੍ਹਤਾ ਵੱਲ ਇਸ਼ਾਰਾ ਕਰ ਕੇ ਆਖਿਆ ਤੇ ਤੂੰ ਸੁਰਗ ਭੋਗ ਰਿਹਾ ਏਂ ਏਸ ਸੁਰਗ ਦੇ ਲੈਕ ਬਣਨ ਲਈ ਤੈਨੂੰ ਹਰ ਤਰ੍ਹਾਂ ਏਸ ਦੇ ਅਵਤਾਰਾਂ ਦਾ ਸਤਿਕਾਰ ਕਰਨਾ ਚਾਹੀਦੇ (ਅੰਕ-5)

ਪ੍ਰਸ਼ਨ 11 ਹੇਠ ਲਿਖੇ ਅਗੇਤਰ ਲਾ ਕੇ ਸ਼ਬਦ ਬਣਾਓ: (ਅੰਕ-5)

ਨਿਰ, ਬੇ, ਮੰਦ, ਪੜ, ਗੈਰ

ਪ੍ਰਸ਼ਨ 12 ਹੇਠ ਲਿਖੇ ਪਿਛੇਤਰ ਲਾ ਕੇ ਸ਼ਬਦ ਬਣਾਓ: (ਅੰਕ-5)

ਵੰਦ, ਈ, ਈਲਾ, ਬਾਨ, ਆਲੂ

ਪ੍ਰਸ਼ਨ 13 ਹੇਠ ਲਿਖੇ ਸ਼ਬਦਾਂ ਨੂੰ ਦੋ-ਦੋ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕਿ ਬਹੁ-ਅਰਥਕ ਸ਼ਬਦਾਂ ਦੇ ਅਰਥ ਸਪੱਸ਼ਟ ਹੋ ਜਾਣ: (ਅੰਕ-10)

ਬੋਲੀ, ਸੂਈ, ਕਿੱਲਾ, ਦਾਰੂ, ਹਾਰ

*****